**5959/MH**

A-S-2071

PUNJABI (ELEMENTARY PUNJABI)

(FOR FORIGN STUDENTS AND OTHER STATES STUDENTS OUT OF PUNJAB)- XIII-C

SEMESTER-IV (MAY 2019)

TIME 3 HOURS MM: 50

ਭਾਗ-ੳ

1 (ੳ) ਵਾਕ ਦੀ ਪਰਿਭਾਸ਼ਾ (Definition of Sentence) ਦਿਓ ਅਤੇ ਆਪਣੇ ਰੋਜ਼ਾਨਾ ਜੀਵਨ ਨਾਲ ਸਬੰਧਿਤ ਪੰਜ ਵਾਕ ਲਿਖੋ।

ਜਾਂ

ਵਾਕ ਦੀਆਂ ਕਾਰਜੀ ਇਕਾਈਆਂ ( ਕਰਤਾ, ਕਰਮ, ਕਿਰਿਆ ਆਦਿ) ਬਾਰੇ ਸੰਖੇਪ ਜਾਣਕਾਰੀ ਦਿਓ।

(ਅ) ਹੇਠ ਲਿਖਿਆਂ ਵਿਚੋਂ ਕਿਸੇ ਦੋ ਬਾਰੇ ਉਦਾਹਰਣਾਂ ਦੇ ਕੇ ਜਾਣਕਾਰੀ ਦਿਓ:

1 ਸਧਾਰਨ ਵਾਕ (Simple Sentence)
2 ਮਿਸ਼ਰਤ ਵਾਕ (Complex Sentence)
3 ਸੰਯੁਕਤ ਵਾਕ (Compound Sentence)

(ੲ) ਹੇਠ ਲਿਖੇ ਵਾਕਾਂ ਵਿਚੋਂ ਕਿਸੇ ਚਾਰ ਦੇ ਕਰਤਾ (Subject) ,ਕਰਮ (Object) ਅਤੇ ਕਿਰਿਆ (Verb) ਅਲੱਗ ਕਰਕੇ ਲਿਖੋ:

1 ਅਜੀਤ ਕੱਲ੍ਹ ਅੰਮ੍ਰਿਤਸਰ ਜਾਵੇਗਾ।
2 ਅਧਿਆਪਕ ਨੇ ਵਿਦਿਆਰਥੀਆਂ ਨੂੰ ਪੜ੍ਹਾਇਆ।
3 ਹਰਬੰਸ ਨੇ ਜੀਤੋ ਨੂੰ ਦੋ ਕਿਤਾਬਾਂ ਦਿੱਤੀਆਂ।
4 ਕੱਲ੍ਹ ਅਸੀਂ ਹਾਕੀ ਦਾ ਮੈਚ ਦੇਖਾਂਗੇ।
5 ਸ਼ੀਲਾ ਬਹੁਤ ਸੁਹਣਾ ਗਾਉਂਦੀ ਹੈ।
6 ਰਾਮ ਨੇ ਕੁੱਤੇ ਨੂੰ ਸੋਟੀ ਮਾਰੀ। 5+6+4=15

2 ਕੋਈ ਪੰਜ ਕਰੋ:

1 ਦੋ ਆਗਿਆਵਾਚੀ ਵਾਕ (Imperative Sentence) ਲਿਖੋ।
2 ਦੋ ਬਿਆਨੀਆ ਵਾਕ ( Declarative Sentence) ਲਿਖੋ।
3 ਦੋ ਨਾਂਹ-ਵਾਚਕ ਵਾਕ (Negative Sentence) ਲਿਖੋ।
4 ਪ੍ਰਸ਼ਨਵਾਚਕ ਵਾਕ (Interogative Sentence) ਦੀਆਂ ਦੋ ਉਦਾਹਰਨਾਂ ਦਿਓ।

ਚਲਦਾ........2

5 ਵਿਸਮਕ ਵਾਕ (Exelamatory Sentence) ਦੀਆਂ ਦੋ ਉਦਾਹਰਨਾਂ ਦਿਓ।

6 ਸਕਰਮਕ ਕਿਰਿਆ (Transitive verb) ਵਾਲੇ ਦੋ ਵਾਕ ਲਿਖੋ।

7 ਅਕਰਮਕ ਕਿਰਿਆ (Intransitive Verb) ਵਾਲੇ ਦੋ ਵਾਕ ਲਿਖੋ। 05

3 ਉਪਵਾਕ (Clause) ਕੀ ਹੁੰਦਾ ਹੈ? ਇਸ ਦੀਆਂ ਕਿਸਮਾਂ ਉਦਾਹਰਣ ਸਹਿਤ ਲਿਖੋ।

ਜਾਂ

ਹੇਠ ਲਿਖੇ ਵਾਕਾਂ ਵਿਚੋਂ ਕਿਸੇ ਪੰਜ ਦੇ ਸਵਾਧੀਨ ਉਪਵਾਕ (Independent Clause) ਅਤੇ ਪਰਾਧੀਨ ਉਪਵਾਕ (Dependent Clause) ਅਲੱਗ ਕਰੋ:

1 ਜੇ ਮੀਂਹ ਪੈ ਗਿਆ ਤਾਂ ਫਸਲਾਂ ਬਚ ਜਾਣਗੀਆਂ।

2 ਡਾਕਟਰ ਨੂੰ ਉਮੀਦ ਸੀ ਕਿ ਮਰੀਜ਼ ਬਚ ਜਾਵੇਗਾ।

3 ਸਾਰੇ ਜਾਣਦੇ ਸਨ ਕਿ ਇਹ ਕਤਲ ਜੀਤੇ ਨੇ ਹੀ ਕੀਤਾ ਹੈ।

4 ਸ਼ੀਲਾ ਪੜ੍ਹ ਰਹੀ ਸੀ ਤੇ ਉਸ ਦੀ ਮਾਂ ਸਫਾਈ ਕਰ ਰਹੀ ਸੀ।

5 ਬੱਦਲ ਇਸ ਤਰ੍ਹਾਂ ਗਰਜ ਰਹੇ ਸਨ ਜਿਵੇਂ ਮੀਂਹ ਪੈਣ ਵਾਲਾ ਹੋਵੇ।

6 ਮੁੰਡੇ ਨੇ ਦੱਸਿਆ ਕਿ ਕੱਲ੍ਹ ਸਕੂਲ ਬੰਦ ਸੀ।

7 ਜੇ ਉਹ ਜਿਊਂਦਾ ਰਹਿੰਦਾ ਤਾਂ ਜ਼ਰੂਰ ਵੱਡਾ ਆਦਮੀ ਬਣਦਾ। 05

ਭਾਗ-ਅ

4 (ੳ) ਹੇਠ ਲਿਖੇ ਵਾਕਾਂ ਵਿਚੋਂ ਕਿਸੇ ਪੰਜ ਨੂੰ ਪੰਜਾਬੀ ਮੇਲ (Agreement System) ਅਨੁਸਾਰ ਸ਼ੁੱਧ ਕਰਕੇ ਲਿਖੋ:

1 ਬੱਚੇ ਗੀਤ ਗਾ ਰਿਹਾ ਹੈ।

2 ਨੀਲਮ ਦਾ ਕਿਤਾਬ ਗੁਆਚ ਗਈ।

3 ਬਿਟੂ ਤੇ ਤੂੰ ਮੈਚ ਦੇਖਣ ਗਿਆ ਸੀ।

4 ਗਾਂਵਾਂ ਘਾਹ ਚਰਦੀ ਹੈ

5 ਮੇਰਾ ਭਰਾ ਜਾਂ ਭੈਣ ਨਾਲ ਜਾਵੇਗਾ।

6 ਰਜਨੀਸ਼ ਤੇ ਅਮਨ ਹੱਸ ਰਿਹਾ ਹੈ।

7 ਜਿਹੜੇ ਗੱਜਦੇ ਹੈ, ਉਹ ਵਰ੍ਹਦਾ ਨਹੀਂ।

(ਅ) ਹੇਠ ਲਿਖੇ ਵਾਕਾਂ ਵਿਚੋਂ ਕਿਸੇ ਪੰਜ ਦੇ ਕਾਰਕ (Case)ਪਛਾਣ ਕੇ ਉਨ੍ਹਾਂ ਦੀਆਂ ਕਿਸਮਾਂ ਲਿਖੋ:

1 ਰੀਟਾ ਸਕੂਲ ਵਿਚ ਪੜ੍ਹਾਉਂਦੀ ਹੈ।

2 ਦਾਦੀ ਨੇ ਸਾਧੂ ਨੂੰ ਰੋਟੀ ਖੁਆਈ।

3 ਰਾਤ ਨੂੰ ਚੀਤਾ ਪਿੰਡ ਵਿਚ ਵੜ ਗਿਆ।

4 ਪੁਲਿਸ ਪਾਰਟੀ ਚੰਡੀਗੜ੍ਹ ਤੋਂ ਆਈ ਸੀ।

ਚਲਦਾ............3

5959/MH



5 ਚੋਰ ਤਾਂ ਪੈਰਾਂ ਵਿਚ ਹੀ ਡਿੱਗ ਪਿਆ।

6 ਦੋਸਤੋ! ਘਬਰਾਓ ਨਾ।

7 ਭੈਣੋ! ਤੁਸੀਂ ਕਿਸੇ ਤੋਂ ਘੱਟ ਨਹੀਂ। 5+5=10

5 (ੳ) ਕਿਸੇ ਪੰਜ ਵਾਕਾਂ ਵਿਚੋਂ ਨਾਂਵ-ਵਾਕੰਸ਼ (Noun Phrase) ਵੱਖ ਕਰੋ:

1 ਇਸ ਵਾਰ ਮੌਨਸੂਨ ਦੀ ਬਾਰਸ਼ ਚੰਗੀ ਹੋਵੇਗੀ।

2 ਮਿਹਨਤੀ ਆਦਮੀ ਨੂੰ ਕੰਮ ਦੀ ਕੋਈ ਘਾਟ ਨਹੀਂ।

3 ਇਮਾਨਦਾਰ ਆਦਮੀ ਸਾਰਿਆਂ ਨੂੰ ਚੰਗਾ ਲੱਗਦਾ ਹੈ।

4 ਮੇਲੇ ਵਿਚ ਇਕੱਠੀ ਹੋਈ ਭੀੜ ਖਿੰਡ ਗਈ।

5 ਅੱਜ ਮੇਰੀ ਮਾਸੀ ਦੀ ਧੀ ਦਾ ਵਿਆਹ ਹੈ।

6 ਮਿਹਨਤੀ ਵਿਦਿਆਰਥੀ ਹੀ ਸਫ਼ਲ ਹੁੰਦੇ ਹਨ।

7 ਏਸ ਪਿੰਡ ਵਿਚ ਮੇਰੀ ਭਰਜਾਈ ਦੀ ਭੈਣ ਵਿਆਹੀ ਹੋਈ ਹੈ।

(ਅ) ਕਿਸੇ ਪੰਜ ਵਾਕਾਂ ਵਿਚੋਂ ਕਿਰਿਆ-ਵਾਕੰਸ਼ (Verb Phrase) ਵੱਖ ਕਰੋ:

1 ਮੇਰਾ ਭਰਾ ਪੜ੍ਹ ਰਿਹਾ ਹੈ।

2 ਪੂਰਨ ਹੁਣ ਖੇਤ ਚਲਾ ਜਾਵੇਗਾ।

3 ਮੈਂ ਨਵਾਂ ਨਾਟਕ ਲਿਖਣਾ ਸ਼ੁਰੂ ਕਰ ਦਿੱਤਾ ਹੈ।

4 ਇਹ ਸਮਝੌਤਾ ਤਾਂ ਸੱਤਰ ਸਾਲ ਨਾ ਹੋ ਸਕਿਆ।

5 ਦੋ ਨੌਜਵਾਨ ਜ਼ਖਮੀ ਹੋ ਗਏ।

6 ਮੁਲਾਜ਼ਮਾਂ ਨੇ ਸਰਕਾਰ ਵਿਰੁੱਧ ਨਾਹਰੇ ਲਗਾਏ।

7 ਮੇਲੇ ਵਿਚ ਲੜਾਈ ਹੁੰਦੀ ਰਹੀ।

(ੲ) ਹੇਠ ਲਿਖੇ ਵਾਕੰਸ਼ਾਂ (Phrases) ਵਿਚੋਂ ਕੇਵਲ ਪੰਜ ਦੇ ਮੁੱਖ ਸ਼ਬਦ (Main Word) ਵੱਖ ਕਰੋ:

1 ਅੰਗਰੇਜ਼ੀ ਦਾ ਪ੍ਰਸਿੱਧ ਕਵੀ

2 ਸ਼ਹਿਰ ਦੀਆਂ ਚੌੜੀਆਂ ਸੜਕਾਂ

3 ਤੇਰੀ ਵੱਡੀ ਭਰਜਾਈ

4 ਕਦੇ ਨਹੀਂ ਹਾਰੇਗਾ

5 ਖੇਡ ਰਹੇ ਸਨ

6 ਸਮੇਂ ਸਿਰ ਪਹੁੰਚ ਜਾਵੇਗਾ

7 ਸਰਪੰਚ ਦੀ ਜੀਪ 5+5+5=15